# BUDHA DAL PUBLIC SCHOOL PATIALA
## First Term Examination (30 August 2024)
### Class - XI (Humanities)
### Paper - Punjabi (Set-A)

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
2. ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
3. ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

### ਅਡਵਾਂਸ ਪੜ੍ਹਨ-ਕੌਸ਼ਲ

ਪ੍ਰ1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : (5×1=5)

ਆਰੀਆਂ ਦੇ ਆਉਣ ਨਾਲ ਭਾਰਤ ਵਿੱਚ ਲੋਹੇ ਦੀ ਵਰਤੋਂ ਅਰੰਭ ਹੋਈ ਅਤੇ ਅਸ਼ੋਕ ਅਤੇ ਮੌਰੀਆ ਵੰਸ਼ ਦੇ ਰਾਜ ਵੇਲੇ ਪਹਿਲੀ ਵਾਰ ਇਮਾਰਤਾਂ ਅਤੇ ਬੁੱਤ ਬਣਨੇ ਸ਼ੁਰੂ ਹੋਏ। ਪਾਟਲੀਪੁੱਤਰ ਦੇ ਵੱਡੇ ਮਹਿਲ ਵਿੱਚ ਛੇ ਥੰਮ੍ਹ ਉਸ ਵੇਲੇ ਦੇ ਰਾਜ ਦਰਬਾਰ ਦੀ ਕਲਾ ਦਾ ਸੁੰਦਰ ਨਮੂਨਾ ਹਨ, ਪਰ ਇਹ ਕਲਾ ਸਾਰਨਾਥ ਦੇ ਥੰਮ੍ਹ ਵਿੱਚ ਜੋ ਪੰਜਾਹ ਫੁੱਟ ਉੱਚਾ ਹੈ, ਆਪਣੀ ਸਿਖਰ ਉੱਤੇ ਦਿਸਦੀ ਹੈ। ਕਈ ਵਿਚਾਰਵਾਨਾਂ ਦਾ ਮੱਤ ਹੈ ਕਿ ਸਾਰਨਾਥ ਦਾ ਸਤੰਭ ਬਣਾਉਣ ਲਈ ਕਾਰੀਗਰ ਬਾਹਰੋਂ ਆਏ ਸਨ, ਪਰ ਇਹ ਨਮੂਨਾ ਕਿਸੇ ਵੀ ਹੋਰ ਦੇਸ਼ ਨਾਲ ਮੇਲ ਨਹੀਂ ਖਾਂਦਾ। ਇਸ ਦਾ ਆਪਣਾ ਇੱਕ ਅੱਡਰਾ ਹੀ ਨਿੱਜਤਵ ਹੈ। ਏਸੇ ਤਰ੍ਹਾਂ ਅਸ਼ੋਕ ਦੇ ਸਮੇਂ ਦੇ ਹੋਰ ਅਨੇਕਾਂ ਸਤੰਭ ਮਿਲਦੇ ਹਨ ਅਤੇ ਸਾਰੇ ਹੀ ਬੁੱਧ ਮਤ ਦਾ ਪ੍ਰਭਾਵ ਮੰਨਣੇ ਚਾਹੀਦੇ ਹਨ। ਸਰ ਜੋਹਨ ਮਾਰਸ਼ਲ ਨੇ ਇਨ੍ਹਾਂ ਨੂੰ ਸਟਾਈਲ ਅਤੇ ਤਕਨੀਕ ਵਿੱਚ ਮਾਸਟਰ ਪੀਸ ਮੰਨਿਆ ਹੈ ਅਤੇ ਉਹ ਇਸ ਨੂੰ ਪੁਰਾਤਨ ਸੰਸਾਰ ਦੇ ਸਭ ਨਮੂਨਿਆਂ ਤੋਂ ਉੱਤਮ ਗਿਣਦਾ ਹੈ। ਪ੍ਰਸਿੱਧ ਇਤਿਹਾਸਕਾਰ ਵਿਨਸੈਂਟ ਸਮਿਥ ਨੇ ਲਿਖਿਆ ਹੈ, "ਪੱਥਰ ਘਾੜੇ ਦੀ ਕਲਾ ਆਪਣੀ ਪੂਰਨਤਾ ਤੱਕ ਪੁੱਜੀ ਦਿਸਦੀ ਹੈ।" ਅਤੇ ਉਸ ਨੇ ਇਸ ਵਿੱਚ ਉਹ ਪ੍ਰਾਪਤੀ ਕੀਤੀ ਹੈ ਜੋ ਵੀਹਵੀ ਸਦੀ ਦੀ ਸ਼ਕਤੀ ਤੋਂ ਵੀ ਪਰ੍ਹੇ ਹੈ। ਤੀਹ ਤੀਹ, ਚਾਲ਼ੀ-ਚਾਲੀ ਫੁੱਟ ਲੰਮੀ ਪੱਥਰ ਦੇ ਵੱਡੇ ਟੋਟੇ ਇਤਨੀ ਸੂਖਮਤਾ ਨਾਲ ਘੜੇ ਗਏ ਹਨ ਅਤੇ ਉਨ੍ਹਾਂ ਨੂੰ ਅਜਿਹਾ ਪਾਲਸ਼ ਕੀਤਾ ਗਿਆ ਕਿ ਆਧੁਨਿਕ ਸਮੇਂ ਦਾ ਕੋਈ ਕਾਰੀਗਰ ਵੀ ਅਜਿਹਾ ਨਹੀਂ ਕਰ ਸਕਦਾ।"

—ਉਪਰੋਕਤ ਵਾਰਤਕ ਪੈਰੇ ਦੇ ਅਧਾਰ 'ਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰਾਂ ਦਾ ਸਹੀ ਵਿਕਲਪ ਚੁਣੋ :

**ਪ੍ਰਸ਼ਨ 1.** ਭਾਰਤ ਵਿੱਚ ਲੋਹੇ ਦੀ ਵਰਤੋਂ ਕਦੋਂ ਅਰੰਭ ਹੋਈ?

(ੳ) ਆਰੀਆ ਦੇ ਆਉਣ ਨਾਲ ◯ (ਅ) ਯਹੂਦੀਆਂ ਦੇ ਆਉਣ ਨਾਲ ◯

(ੲ) ਮੁਗਲਾਂ ਦੇ ਆਉਣ ਨਾਲ ◯ (ਸ) ਅੰਗਰੇਜ਼ਾਂ ਦੇ ਆਉਣ ਨਾਲ ◯

**ਪ੍ਰਸ਼ਨ 2.** ਰਾਜ ਦਰਬਾਰ ਦੀ ਕਲਾ ਦਾ ਸੁੰਦਰ ਨਮੂਨਾ ਕਿਹੜਾ ਤੇ ਕਿਹੜੇ ਵੇਲੇ ਦਾ ਹੈ?

(ੳ) ਚਾਰ ਮੀਨਾਰ ◯ (ਅ) ਛੇ ਥੰਮ੍ਹ ◯

(ੲ) ਤਾਜ ਮਹੱਲ ◯ (ਸ) ਮੂਰਤੀਆਂ ◯

**ਪ੍ਰਸ਼ਨ 3.** ਕਲਾਕਾਰੀ ਦੀ ਸਿਖ਼ਰ ਕਿਸ ਤੋਂ ਮਿਲਦੀ ਹੈ?

(ੳ) ਸਾਰਨਾਥ ਦੇ ਥੰਮ 'ਤੋਂ ◯ (ਅ) ਕੁਤੁਬ ਮੀਨਾਰ 'ਤੋਂ ◯

(ੲ) ਚਾਰਮੀਨਾਰ 'ਤੋਂ ◯ (ਸ) ਸੁੰਦਰ ਇਮਾਰਤਾਂ 'ਤੋਂ ◯

**ਪ੍ਰਸ਼ਨ 4.** ਸਤੰਭ ਸ਼ਬਦ ਦਾ ਅਰਥ ਦੱਸੋ।

(ੳ) ਉੱਚੀ ਦੀਵਾਰ ◯ (ਅ) ਥੰਮ੍ਹ ◯

(ੲ) ਖੰਭਾ ◯ (ਸ) ਉੱਚੀ ਇਮਾਰਤ ◯

**ਪ੍ਰਸ਼ਨ 5.** ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਚੁਣੋ?

(ੳ) ਪੁਰਾਤਨ ਸਮੇਂ ਦੀ ਉੱਤਮ ਕਾਰੀਗਰੀ ◯ (ਅ) ਸਾਰਨਾਥ ਦਾ ਥੰਮ੍ਹ ◯

(ੲ) ਪਾਟਲੀ ਪੁੱਤਰ ◯ (ਸ) ਬੁੱਧ ਮੱਤ ◯

**ਲਿਖਣ-ਕੌਸ਼ਲ**

**ਪ੍ਰ2.** ਵਿਦੇਸ਼ ਭੇਜਣ ਦੇ ਝਾਂਸੇ ਹੇਠ ਲੱਗੀ ਮਾਰਨ ਵਾਲਿਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕਰਦੇ ਹੋਏ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ **(8)**

**ਜਾਂ**

ਖਾਣ ਦੀਆਂ ਵਸਤਾਂ ਵਿੱਚ ਹੋ ਰਹੀ ਮਿਲਾਵਟ ਬਾਰੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

**ਪ੍ਰ3. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 150 ਸ਼ਬਦਾਂ ਦਾ ਇੱਕ ਪੈਰਾ ਲਿਖੋ:** **(10)**

ਵਧਦੀ ਮਹਿੰਗਾਈ **ਜਾਂ** ਜਨਮਦਿਨ

**ਪ੍ਰ4. ਕਿਸੇ ਛੇ ਸ਼ਬਦਾਂ ਦੇ ਸਮਾਨਾਰਥੀ ਪੰਜਾਬੀ ਸ਼ਬਦ ਲਿਖੋ:** **(6)**

Account, Basic pay, Claim, Allowance, Auction, Cost-prise, Damage, Deputy Director

**ਪ੍ਰ5. ਕਿਸੇ ਪੰਜ ਵਾਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ:** **(2×4=8)**

ੳ) It's better to have a joint account in the bank.

ਅ) Always keep your passbook and cheque book under proper custody.

ੲ) Beware of pick-pockets.

ਸ) Do not catch or jump from the runing train.

ਹ) Now days, vehicle insurance is also necessary.

ਕ) the payment of insurance can be made by net banking or mobile banking.

**ਵਿਆਕਰਨ**

**ਪ੍ਰ6. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਛੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ:**

ਉਚਾ ਸਾਹ ਨਾ ਕੱਢਣਾ, ਆਪਣੇ ਅੱਗੇ ਕੰਡੇ ਬੀਜਣਾ, ਇੱਲ ਦਾ ਨਾਂ ਕੋਕੋ ਆਉਣਾ, ਸਿਰ ਖੁਰਕਣ ਦੀ ਵਿਹਲ ਨਾ ਹੋਣਾ, ਹਵਾ ਦੇ ਘੋੜੇ ਤੇ ਸਵਾਰ, ਕਣਕ ਨਾਲ ਘੁਣ ਵੀ ਪਿਸਣਾ, ਕਲਮ ਦਾ ਧਨੀ ਹੋਣਾ, ਗੱਚ ਭਰ ਆਉਣਾ **(6)**

**ਪ੍ਰ7.** 'ਜ਼ਮੀਨ ਵਿਕਾਊ ਹੈ' ਲਈ ਇਸ਼ਤਿਹਾਰ ਲਿਖੋ। **(8)**

**ਜਾਂ**

ਧੀ ਦਾ ਜਨਮ-ਦਿਨ ਮਨਾਉਣ ਲਈ ਇੱਕ ਸੱਦਾ-ਪੱਤਰ ਲਿਖੋ।

**ਪਾਠ-ਪੁਸਤਕਾਂ 'ਤੇ ਅਧਾਰਿਤ**

**ਪ੍ਰ8. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਨੌਂ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ:** **(1×9=9)**

ੳ) ਧੀ ਆਪਣੇ ਬਾਬਲ ਨੂੰ ਕਿਹੜੇ ਮਹੀਨੇ ਕਾਜ ਰਚਾਉਣ ਲਈ ਕਹਿੰਦੀ ਹੈ?

ਅ) 'ਹਰੀਏ ਨੀ ਰਸ ਭਰੀਏ ਖਜੂਰੇ' ਲੋਕ-ਗੀਤ ਦਾ ਕਿਹੜਾ ਰੂਪ ਹੈ?

ੲ) ਪੂਰਨ ਕਿਸ ਦੀ ਕੁੱਖੋਂ ਪੈਦਾ ਹੋਇਆ?

ਸ) ਅਮਲਾਂ ਦੇ ਨਬੇੜੇ ਕਿੱਥੇ ਹੁੰਦੇ ਹਨ?

ਹ) 'ਬੇਟੀ ਚੰਨਣ ਦੇ ਓਹਲੇ' ਸੁਹਾਗ ਵਿੱਚ ਬੇਟੀ ਆਪਣੇ ਵਾਸਤੇ ਕਿਹੋ-ਜਿਹੇ ਵਰ ਦੀ ਮੰਗ ਕਰਦੀ ਹੈ? A-2

ਕ) ਬਾਸ਼ਕ ਨਾਗ ਨੇ ਰਸਾਲੂ ਨੂੰ ਕੀ ਦਿੱਤਾ?

ਖ) ਲੋਕ-ਗੀਤਾਂ ਦੀ ਕਿਸ ਵੰਨਗੀ ਨੂੰ ਮਿੱਠੀਆਂ ਗਾਲਾਂ ਕਿਹਾ ਜਾਂਦਾ ਹੈ?

ਗ) ਦੁੱਲ੍ਹੇ ਦੇ ਮਨ ਵਿੱਚ ਕਿਸ ਦੇ ਖਿਲਾਫ ਰੋਹ (ਗੁੱਸਾ) ਪੈਦਾ ਹੋ ਗਿਆ?

ਘ) ਚਰਖੇ ਦੀ ਘੂਕ ਸੁਣ ਕੇ ਕੌਣ ਪਹਾੜੋਂ ਉਤਰ ਆਇਆ?

ਙ) ਕਿੱਥੋਂ ਦੀਆਂ ਦਾਖਾਂ ਬਹੁਤ ਮਸ਼ਹੂਰ ਹਨ?

**ਪ੍ਰ9. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ:** **(4×2=8)**

ੳ) 'ਚੜ੍ਹ ਚੁਬਾਰੇ ਸੁੱਤਿਆਂ' ਸੁਹਾਗ ਵਿੱਚ ਧੀ ਕੀ ਕਹਿੰਦੀ ਹੈ ਤੇ ਕਿਉਂ?

ਅ) ਪੰਜਾਬੀ ਲੋਕ-ਗੀਤ ਘੋੜੀਆਂ ਬਾਰੇ ਵਿਸਥਾਰ ਨਾਲ ਲਿਖੋ।

ੲ) ਸਿੱਠਣੀਆਂ ਕਿਹੜੇ ਮੌਕੇ ਉੱਤੇ ਕਿਸ ਵੱਲੋਂ ਕਿਸ ਨੂੰ ਦਿੱਤੀਆਂ ਜਾਂਦੀਆਂ ਹਨ?

ਸ) 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

ਹ) 'ਮੱਥੇ ਤੇ ਚਮਕਣ ਵਾਲ' ਘੋੜੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**ਪ੍ਰ10. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਦਿਓ:** **(4×3=12)**

ੳ) ਲੂਣਾਂ ਨੇ ਪੂਰਨ ਉੱਤੇ ਝੂਠੀ ਤੁਹਮਤ ਕਿਉਂ ਲਗਾਈ?

ਅ) ਦੁੱਲੇ ਦੇ ਪਿਓ-ਦਾਦੇ ਨਾਲ ਕੀ ਬੀਤੀ ਸੀ?

ੲ) ਰਾਜਾ ਰਸਾਲੂ ਦੇ ਜੀਵਨ-ਸੰਘਰਸ਼ ਵਿੱਚ ਕੌਣ-ਕੌਣ ਉਸਦੇ ਸਾਥੀ ਬਣੇ?

ਸ) ਰਾਜਾ ਸਲਵਾਨ ਨੇ ਆਪਣੇ ਪੁੱਤਰ ਨੂੰ ਭੋਰੇ ਵਿੱਚ ਰੱਖਦਾ ਦਾ ਹੁਕਮ ਕਿਉਂ ਦਿੱਤਾ?

ਹ) ਦੁੱਲਾ ਲੋਕਾਂ ਵਿੱਚ ਹਰਮਨ ਪਿਆਰਾ ਕਿਵੇਂ ਹੋ ਗਿਆ?